# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-5015864-865,ਫੈਕਸ ਨੰ: 0172-2624687 ਈ.ਮੇਲ dgsepunjab18@gmail.com

ਨੰ: ਡੀ.ਜੀ.ਐਸ.ਈ./ਇਨਫੋਰਸਮੈਂਟ/2013/R000740-742 ਮਿਤੀ 31/01/1

## ਹੁਕਮ

1. ਸ੍ਰੀ ਗੁਰਮਿੰਦਰ ਸਿੰਘ ਸਾਇੰਸ ਮਾਸਟਰ ਸਰਕਾਰੀ ਹਾਈ ਸਕੂਲ ਧੂਲਕੋਟ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਵਿਰੁੱਧ ਸ੍ਰੀ ਬਲਜਿੰਦਰ ਸਿੰਘ, ਪੀ.ਸੀ.ਐਸ. ਅਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟਰੇਟ, ਬਠਿੰਡਾ ਦੀ ਅਦਾਲਤ ਵਿੱਚ ਇਸਤਗਾਸਾ ਸ਼ਿਕਾਇਤ ਨੰ: 110 ਆਫ 11.09.1998 (R.T. No. 47 dated 24.09.1998) ਦਾਇਰ ਹੋਇਆ ਸੀ ।

2. ਮਾਨਯੋਗ ਸ੍ਰੀ ਬਲਜਿੰਦਰ ਸਿੰਘ, ਪੀ.ਸੀ.ਐਸ. ਅਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟਰੇਟ, ਬਠਿੰਡਾ ਨੇ ਮਿਤੀ 19.09.2009 ਨੂੰ ਉਕਤ ਕਰਮਚਾਰੀ ਨੂੰ ਉਕਤ ਕੇਸ ਵਿੱਚ 6 ਮਹੀਨੇ ਦੀ ਕੈਦ ਦਾ ਫੈਸਲਾ ਸੁਣਾਉਂਦੇ ਹੋਏ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਸਨ:-

Quantum of Sentence:

Present: Complainant with Sh. N.K. Jeet, Advocate
Both convicts with Sh. Pankaj Soni, Advocate

Heard. On the quantum of sentence convicts and their counsel contended that accused Gurminder Singh is in Govt. service and accused Bhola Singh is a retired Govt. employee. He pleaded for lenient view. Keeping in view the nature of allegations, I sentence both the convicts to undergo Rigorous Imprisonment for six months. File be consigned to the record room.

Pronounced:
19.9.2009

(Baljinder Singh), PCS
Addl. Chief Judicial Magistrate
Bathinda

3. ਮਾਨਯੋਗ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੇ ਉਕਤ ਫੈਸਲੇ ਮਿਤੀ 19.09.2009 ਵਿਰੁੱਧ ਸ੍ਰੀ ਗੁਰਮਿੰਦਰ ਸਿੰਘ ਵੱਲੋਂ ਮਾਨਯੋਗ ਐਡੀਸ਼ਨਲ ਸੈਸ਼ਨ ਜੱਜ ਬਠਿੰਡਾ ਸ੍ਰੀ ਦਿਲਬਾਗ ਸਿੰਘ ਜੌਹਲ ਦੀ ਅਦਾਲਤ ਵਿਖੇ ਅਪੀਲ ਦਾਇਰ ਕੀਤੀ ਗਈ। ਮਾਨਯੋਗ ਐਡੀਸ਼ਨਲ ਸੈਸ਼ਨ ਜੱਜ ਵੱਲੋਂ ਉਕਤ ਅਪੀਲ ਦਾ ਫੈਸਲਾ ਮਿਤੀ 28.10.2011 ਨੂੰ ਕਰਦੇ ਹੋਏ ਸ੍ਰੀ ਗੁਰਮਿੰਦਰ ਸਿੰਘ ਦੀ ਅਪੀਲ ਖਾਰਜ ਕਰ ਦਿੱਤੀ ਗਈ ਸੀ। ਮਾਨਯੋਗ ਐਡੀਸ਼ਨਲ ਸੈਸ਼ਨ ਜੱਜ ਦੇ ਫੈਸਲੇ ਮਿਤੀ 28.10.2011 ਦਾ ਓਪਰੇਟਿਵ ਭਾਗ ਹੇਠ ਲਿਖੇ ਅਨੁਸਾਰ ਹੈ :-

In view of above discussion, there is no merit in this appeal. Hence, the same is dismissed. The accused are taken into custody and they along with

their custody warrant be sent to jail to undergo sentence. Lower Court record be sent back and appeal file be consigned to the record room.

Pronounced in open Court.
Dated: 28.10.11

(Dilbag Singh Johal)
Additional Sessions Judge.
Bathinda

4. ਮਾਨਯੋਗ ਅਦਾਲਤ ਦੇ ਉਕਤ ਹੁਕਮਾਂ ਤੋਂ ਸਪਸ਼ਟ ਹੈ ਕਿ ਸ੍ਰੀ ਗੁਰਮਿੰਦਰ ਸਿੰਘ ਸਾਇੰਸ ਮਾਸਟਰ ਸਰਕਾਰੀ ਹਾਈ ਸਕੂਲ ਧੂਲਕੋਟ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਸਜ਼ਾ-ਯਾਫਤਾ ਕਰਮਚਾਰੀ ਹੈ ਕਿਉਂਕਿ ਉਸਨੂੰ ਉਕਤ ਅਨੁਸਾਰ ਸਜ਼ਾ ਹੋ ਚੁੱਕੀ ਹੈ ਅਤੇ ਉਹ ਸਜ਼ਾ ਭੁਗਤ ਚੁੱਕਾ ਹੈ ।

5. ਸ੍ਰੀ ਗੁਰਮਿੰਦਰ ਸਿੰਘ ਸਾਇੰਸ ਮਾਸਟਰ ਸਰਕਾਰੀ ਹਾਈ ਸਕੂਲ ਧੂਲਕੋਟ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਉਕਤ ਕੀਤੇ ਗੰਭੀਰ ਅਪਰਾਧਾਂ ਅਤੇ ਉਨ੍ਹਾਂ ਬਾਰੇ ਉਸ ਮਾਨਯੋਗ ਅਦਾਲਤ ਵੱਲੋਂ ਉਕਤ ਅਨੁਸਾਰ ਦਿੱਤੀਆਂ ਸਜ਼ਾਵਾਂ ਨੂੰ ਮੁੱਖ ਰੱਖਦੇ ਹੋਏ ਅਤੇ ਸਾਰੇ ਪੱਖੋਂ ਗਹੁ ਨਾਲ ਵਿਚਾਰਦੇ ਹੋਏ ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਅਜਿਹੇ ਕਰਮਚਾਰੀ ਨੂੰ ਸੇਵਾ ਵਿੱਚ ਰੱਖਣਾ ਲੋਕ ਹਿਤ ਵਿੱਚ ਨਹੀਂ ਹੈ।ਮੈਂ ਕਾਹਨ ਸਿੰਘ ਪੰਨੂ, ਆਈ.ਏ.ਐਸ, ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਸ੍ਰੀ ਗੁਰਮਿੰਦਰ ਸਿੰਘ ਸਾਇੰਸ ਮਾਸਟਰ ਸਰਕਾਰੀ ਹਾਈ ਸਕੂਲ ਧੂਲਕੋਟ ਜ਼ਿਲਾ ਸ੍ਰੀ ਮੁਕਤਸਰ ਸਾਹਿਬ ਨੂੰ ਨੌਕਰੀ ਤੇ ਰੱਖਣ ਅਤੇ ਕੱਢਣ ਦਾ ਅਧਿਕਾਰ ਰੱਖਦਾ ਹਾਂ। ਇਸ ਲਈ ਮੈਂ ਉਸ ਨੂੰ ਤਤਕਾਲ ਸਮੇਂ ਤੋਂ ਭਾਰਤੀ ਸੰਵਿਧਾਨ ਦੀ ਧਾਰਾ 311( ਦੀ ਪ੍ਰੋਵੀਜ਼ੋ 2(ਏ) ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ ) ਰੂਲਜ਼ 1970 ਦੇ ਨਿਯਮ 13(i) ਨਾਲ ਪੜ੍ਹਦੇ ਹੋਏ ਸਰਕਾਰੀ ਸੇਵਾ ਤੋਂ ਬਰਖਾਸਤ (Dismiss) ਕਰਦਾ ਹਾਂ।

ਮਿਤੀ ਚੰਡੀਗੜ੍ਹ

ਕਾਹਨ ਸਿੰਘ ਪੰਨੂ, ਆਈ.ਏ.ਐਸ
ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਪਿਠ ਅੰਕਣ ਨੰ: ਡੀ.ਜੀ.ਐਸ.ਈ./ਇਨਫੋਰਸਮੈਂਟ/2013/ ਮਿਤੀ 01/02/13

ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਸ੍ਰੀ ਮੁਕਤਸਰ ਸਾਹਿਬ ।
3. ਸ੍ਰੀ ਗੁਰਮਿੰਦਰ ਸਿੰਘ ਸਾਇੰਸ ਮਾਸਟਰ ਸਰਕਾਰੀ ਹਾਈ ਸਕੂਲ ਧੂਲਕੋਟ ਜ਼ਿਲਾ ਸ੍ਰੀ ਮੁਕਤਸਰ ਸਾਹਿਬ ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ